**ਦਫ਼ਤਰ ਕਾਰਜਕਾਰੀ ਇੰਜੀਨੀਅਰ, ਜਲ ਨਿਕਾਸ ਉਸਾਰੀ ਮੰਡਲ ਸੰਗਰੂਰ**

ਫੋਨ ਅਤੇ ਫੈਕਸ ਨੰ: 01672-234086 ਈਮੇਲ : xendrainage_sng@yahoo.in

ਨੰ: ੩੧੫੪-੫੨/32-ਡ ਮਿਤੀ ੨੪/੫/2019

ਸੇਵਾ ਵਿਖੇ,

ਕਾਰਜਕਾਰੀ ਇੰਜੀਨੀਅਰ,
ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ,
ਸੰਗਰੂਰ।

ਵਿਸ਼ਾ:- ਨਾਭਾ ਰੋਡ ਤੋਂ ਮੇਨ ਡਿਸਪੋਜਲ ਵਰਕਸ ਆਦਮਵਾਲ ਰੋਡ ਮਲੇਰਕੋਟਲਾ ਤੱਕ ਸੀਵਰੇਜ਼ ਪਾਉਣ ਦੀ ਮੰਨਜ਼ੂਰੀ ਸਬੰਧੀ।

ਹਵਾਲਾ:- ਉਪ ਮੰਡਲ ਇੰਜੀਨੀਅਰ ਪੰਜਾਬ ਵ/ਸ ਅਤੇ ਸੀਵਰੇਜ਼ ਉਪ ਮੰਡਲ ਧੂਰੀ ਦਾ ਪੱਤਰ ਨੰ: 168 ਮਿਤੀ 12/04/2019

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਰਾਹੀਂ ਉਪ ਮੰਡਲ ਇੰਜੀਨੀਅਰ ਪੰਜਾਬ ਵ/ਸ ਅਤੇ ਸੀਵਰੇਜ਼ ਉਪ ਮੰਡਲ ਧੂਰੀ ਨੇ ਇਸ ਵਿਭਾਗ ਦੀ ਲਿਸਾੜਾ ਡਰੇਨ ( ਬੁਰਜੀ 229000 ਤੋਂ 238000 ) ਦੇ ਪੈਰਲਲ ਨਾਭਾ ਰੋਡ ਤੋਂ ਆਦਮਵਾਲ ਰੋਡ ਮੇਨ ਡਿਸਪੋਜਲ ਮਲੇਰਕੋਟਲਾ ਤੱਕ **AMRUT** ਸਕੀਮ ਤਹਿਤ ਸੀਵਰੇਜ਼ ਡਿਸਪੋਜਲ ਪਾਈਪ ਲਾਈਨ ਪਾਉਣ ਲਈ ਮੰਨਜ਼ੂਰੀ ਦੀ ਮੰਗ ਕੀਤੀ ਹੈ। ਜਿਸ ਸਬੰਧੀ ਇਸ ਵਿਭਾਗ ਦੇ ਉਪ ਮੰਡਲ ਅਫਸਰ, ਜਲ ਨਿਕਾਸ ਉਸਾਰੀ ਉਪ ਮੰਡਲ, ਬਰਨਾਲਾ ਦੇ ਆਪਣੇ ਪੱਤਰ ਨੰ: 191 ਮਿਤੀ 06/05/2019 ਨਾਲ ਕੀਤੀ ਰਿਪੋਰਟ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਨੂੰ ਕਰਵਾਉਣ ਦੀ ਮੰਨਜ਼ੂਰੀ ਹੇਠ ਲਿਖੀਆਂ ਸ਼ਰਤਾਂ ਦੇ ਅਧਾਰ ਤੇ ਦਿੱਤੀ ਜਾਂਦੀ ਹੈ:-

1) ਡਰੇਨ ਉਪਰ ਸੀਵਰੇਜ਼ ਪਾਈਪ ਲਾਈਨ ਪਾਉਣ ਸਮੇਂ ਨਿਕਲੀ ਮਿੱਟੀ ਨੂੰ ਡਰੇਨ ਦੀ ਬਾਹਰਲੀ ਸਲੋਪ ਤੇ ਸੁੱਟਿਆ ਜਾਵੇ।
2) ਡਰੇਨ ਵਿੱਚ ਚੱਲਣ ਵਾਲੇ ਪਾਣੀ ਨੂੰ ਕਿਸੇ ਕਿਸਮ ਦੀ ਰੁਕਾਵਟ ਨਹੀਂ ਪੈਣੀ ਚਾਹੀਦੀ।
3) ਪਾਈਪ ਲਾਈਨ ਦੀ ਉਸਾਰੀ ਦਾ ਕੰਮ ਪੀ.ਡਬਲਯੂ.ਡੀ. ਸਪੈਸੀਫਿਕੇਸ਼ਨਜ਼ ਅਨੁਸਾਰ ਹੀ ਕਰਵਾਇਆ ਜਾਵੇ।
4) ਪਾਈਪ ਲਾਈਨ ਦੀ ਉਸਾਰੀ ਦਾ ਕੰਮ ਮੁਕੰਮਲ ਹੋਣ ਉਪਰੰਤ ਡਰੇਨ ਵਿੱਚ ਕੋਈ ਮਿੱਟੀ ਆਦਿ ਨਾ ਛੱਡੀ ਜਾਵੇ।
5) ਜਿਸ ਜਗ੍ਹਾ ਮਿੱਟੀ ਦੀ ਪੁਟਾਈ ਕਰਕੇ ਪਾਈਪ ਲਾਈਨ ਪਾਉਣੀ ਹੈ, ਉੱਥੇ ਮਿੱਟੀ ਨੂੰ ਮੁਕੰਮਲ ਕੰਪੈਕਟ ਕੀਤਾ ਜਾਵੇ।
6) ਅਗਰ ਬਰਸਾਤੀ ਸੀਜਨ 2019 ਦੌਰਾਨ ਇਸ ਕੀਤੇ ਕੰਮ ਕਾਰਨ ਡਰੇਨ ਦੀ ਪਟੜੀ ਵਿੱਚ ਕੋਈ ਘਾਰੇ ਆਦਿ ਪੈਂਦੇ ਹਨ ਤਾਂ ਉਸ ਦੀ ਭਰਪਾਈ ਦਾ ਜਿੰਮੇਵਾਰ ਆਪ ਦਾ ਵਿਭਾਗ ਹੋਵੇਗਾ।
7) ਪਾਈਪ ਲਾਈਨ ਦਾ ਕੰਮ ਕਰਦੇ ਸਮੇਂ ਜੇਕਰ ਜੰਗਲਾਤ ਵਿਭਾਗ ਦੇ ਕਿਸੇ ਦਰੱਖਤ ਨੂੰ ਕੋਈ ਨੁਕਸਾਨ ਪਹੁੰਚਦਾ ਹੈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਆਪ ਦੇ ਵਿਭਾਗ ਦੀ ਹੋਵੇਗੀ।
8) ਪਾਈਪ ਲਾਈਨ ਦਾ ਕੰਮ ਬਰਸਾਤੀ ਸੀਜਨ 2019 ਤੋਂ ਪਹਿਲਾਂ-ਪਹਿਲਾਂ ਮੁਕੰਮਲ ਕਰਕੇ ਡਰੇਨ ਨੂੰ ਚਾਲੂ ਹਾਲਤ ਵਿੱਚ ਕੀਤਾ ਜਾਵੇ।

Scanned by CamScanner

9) ਜੇਕਰ ਪਾਈਪ ਲਾਈਨ ਪਾਉਣ ਉਪਰੰਤ ਬਰਸਾਤੀ ਸੀਜਨ ਦੌਰਾਨ ਡਰੇਨ ਦੇ ਇਸ ਹਿੱਸੇ ਵਿੱਚ ਕੋਈ ਹਾਦਸਾ ਵਾਪਰਦਾ ਹੈ ਤਾਂ ਇਸ ਦੀ ਜਿੰਮੇਵਾਰੀ ਆਪ ਦੇ ਵਿਭਾਗ ਦੀ ਹੋਵੇਗੀ।

10) ਪਾਈਪ ਲਾਈਨ ਦੀ ਉਸਾਰੀ ਦਾ ਕੰਮ ਇਸ ਵਿਭਾਗ ਦੇ ਉਪ ਮੰਡਲ ਅਫਸਰ/ਜੇ.ਈ. ਦੀ ਹਾਜਰੀ ਵਿੱਚ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਕਾਰਜਕਾਰੀ ਇੰਜੀਨੀਅਰ
ਜਲ ਨਿਕਾਸ ਉਸਾਰੀ ਮੰਡਲ
ਸੰਗਰੂਰ।

ਸੀ.ਸੀ.

1) ਉਪ ਮੰਡਲ ਮੈਜਿਸਟਰੇਟ, ਮਲੇਰਕੋਟਲਾ ਨੂੰ ਉਪ ਮੰਡਲ ਇੰਜੀਨੀਅਰ ਪੰਜਾਬ ਵ/ਸ ਅਤੇ ਸੀਵਰੇਜ਼ ਉਪ ਮੰਡਲ ਧੂਰੀ ਦੇ ਪੱਤਰ ਨੰ: 168 ਮਿਤੀ 12/04/2019 ਦੇ ਸਬੰਧ ਵਿੱਚ ਸੂਚਨਾ ਹਿੱਤ।
2) ਕਾਰਜਸਾਧਕ ਅਫਸਰ ਨਗਰ ਕੌਂਸਲ ਮਲੇਰਕੋਟਲਾ ਨੂੰ ਉਪ ਮੰਡਲ ਇੰਜੀਨੀਅਰ ਪੰਜਾਬ ਵ/ਸ ਅਤੇ ਸੀਵਰੇਜ਼ ਉਪ ਮੰਡਲ ਧੂਰੀ ਦੇ ਪੱਤਰ ਨੰ: 168 ਮਿਤੀ 12/04/2019 ਦੇ ਸਬੰਧ ਵਿੱਚ ਸੂਚਨਾ ਹਿੱਤ।
3) ਉਪ ਮੰਡਲ ਇੰਜੀਨੀਅਰ ਪੰਜਾਬ ਵ/ਸ ਅਤੇ ਸੀਵਰੇਜ਼ ਉਪ ਮੰਡਲ ਧੂਰੀ ਨੂੰ ਉਹਨਾਂ ਦੇ ਪੱਤਰ ਨੰ: 168 ਮਿਤੀ 12/04/2019 ਦੇ ਸਬੰਧ ਵਿੱਚ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ।
4) ਉਪ ਮੰਡਲ ਅਫਸਰ, ਜਲ ਨਿਕਾਸ ਉਸਾਰੀ ਉਪ ਮੰਡਲ, ਬਰਨਾਲਾ ਨੂੰ ਉਹਨਾਂ ਦੇ ਪੱਤਰ ਨੰ: 191 ਮਿਤੀ 06/05/2019 ਦੇ ਸਬੰਧ ਵਿੱਚ ਭੇਜ ਕੇ ਲਿਖਿਆ ਜਾਂਦਾ ਹੈ ਕਿ ਪਾਈਪ ਲਾਈਨ ਦੀ ਉਸਾਰੀ ਦਾ ਕੰਮ ਆਪਣੀ ਦੇਖ-ਰੇਖ ਹੇਠ ਮੁਕੰਮਲ ਕਰਵਾਇਆ ਜਾਵੇ।

Scanned by CamScanner